15ਵੀਂ ਵਿਧਾਨ ਸਭਾ
14ਵਾਂ ਸਮਾਗਮ (ਬਜਟ)

# ਪੰਜਾਬ ਵਿਧਾਨ ਸਭਾ

## ਬੁਲੇਟਿਨ ਨੰ. 6

**ਸੋਮਵਾਰ, 8 ਮਾਰਚ, 2021**
(10.00 ਵਜੇ ਸਵੇਰ ਤੋਂ 1.00 ਵਜੇ ਬਾਅਦ ਦੁਪਹਿਰ ਤੱਕ)

1. **ਪ੍ਰਸ਼ਨ**

(ੳ) ਨਿਸ਼ਾਨ ਵਾਲੇ ਪ੍ਰਸ਼ਨ:

| ਕ੍ਰਮ ਪੱਤਰ ਤੇ ਕੁੱਲ ਪ੍ਰਸ਼ਨ | ਉੱਤਰ ਦਿੱਤੇ ਗਏ | ਪੁੱਛੇ ਨਾ ਗਏ | ਮੁਲਤਵੀ ਕੀਤੇ ਗਏ | ਨਿਯਮ 38 ਅਧੀਨ ਉੱਤਰ ਦਿੱਤੇ ਗਏ | ਅਨੁਪੂਰਕਾਂ ਦੀ ਗਿਣਤੀ |
|---|---|---|---|---|---|
| 20 | 14 | 03 | 03 | - | 22 |

(ਅ) ਬਿਨਾਂ ਨਿਸ਼ਾਨ ਵਾਲੇ ਪ੍ਰਸ਼ਨ: 18

2. **ਮਾਨਯੋਗ ਸਪੀਕਰ ਦੁਆਰਾ ਪ੍ਰੇਖਣ**

ਮਾਨਯੋਗ ਸਪੀਕਰ ਦੁਆਰਾ ਹੇਠ ਲਿਖੇ ਅਨੁਸਾਰ ਪ੍ਰੇਖਣ ਕੀਤਾ ਗਿਆ ਹੈ ਜੋ ਕਿ ਸਦਨ ਦੁਆਰਾ ਪ੍ਰਵਾਨ ਕੀਤਾ ਗਿਆ:-

> "ਪੰਜਾਬ ਵਿਧਾਨ ਸਭਾ ਦੇ ਚਾਲੂ ਸਮਾਗਮ ਦੌਰਾਨ ਸਦਨ ਵਲੋਂ ਪ੍ਰਵਾਨ ਕੀਤੀ ਕਾਰਜ-ਸਲਾਹਕਾਰ ਕਮੇਟੀ ਦੀ ਰਿਪੋਰਟ ਅਨੁਸਾਰ ਵਿਧਾਨਕ ਕੰਮ-ਕਾਰ ਮਿਤੀ 10 ਮਾਰਚ, 2021 ਨੂੰ ਕੀਤਾ ਜਾਣਾ ਹੈ। ਇਸ ਸਮੇਂ ਵਿਧਾਨ ਸਭਾ ਸਕੱਤਰੇਤ ਵਿਚ ਵੱਖ-ਵੱਖ ਵਿਭਾਗਾਂ ਤੋਂ ਹੁਣ ਤੱਕ 10 ਬਿਲ ਪ੍ਰਾਪਤ ਹੋ ਚੁੱਕੇ ਹਨ ਅਤੇ ਸਰਕਾਰ ਵਲੋਂ ਹੋਰ ਵੀ ਬਿਲ ਪ੍ਰਾਪਤ ਹੋਣੇ ਸੰਭਵ ਹਨ। ਇਸ ਲਈ ਸਦਨ ਵਿਚ ਪੇਸ਼ ਕੀਤੇ ਜਾਣ ਵਾਲੇ ਵਿਧਾਨਕ ਕੰਮ-ਕਾਰ ਨੂੰ ਵੇਖਦੇ ਹੋਏ ਜੇਕਰ ਸਦਨ ਪ੍ਰਵਾਨ ਕਰੇ ਤਾਂ ਮਿਤੀ 09 ਮਾਰਚ, 2021 ਦੀ ਬੈਠਕ ਵਿਚ ਵੀ ਵਿਧਾਨਕ ਕੰਮ-ਕਾਰ ਕਰ ਲਿਆ ਜਾਵੇ।"

3. **ਸਰਕਾਰੀ ਮਤਾ**

ਕੈਪਟਨ ਅਮਰਿੰਦਰ ਸਿੰਘ, ਮੁੱਖ ਮੰਤਰੀ ਦੁਆਰਾ ਪੇਸ਼ ਕੀਤਾ ਗਿਆ ਨਿਮਨਲਿਖਤ ਮਤਾ ਸਦਨ ਦੀ ਵੋਟ ਲਈ ਰੱਖਿਆ ਗਿਆ ਅਤੇ ਸਰਬਸੰਮਤੀ ਨਾਲ ਪ੍ਰਵਾਨ ਹੋਇਆ :-

> "That this House salutes the indomitable spirit of women in contributing to the progress of the Nation and the world. They have braved various odds, including societal altitudes and discrimination, and cemented their place in society and the country as an invaluable contributor to growth and development. Besides excelling in their role as homemakers, women are also playing their rightful part in charting and steering the course of the nation. They are a binding force for the peaceful coexistence of our society and the country.
>
> This House strongly feels that empowerment of women is both essential and desirable. The progress of our nation would have been much faster had the political, economic and social empowerment of women occurred much earlier. This delay has only raised the height of the glass ceiling, making it much more difficult to scale. But it is to their credit that, against all odds, women are today excelling in all areas be it education, civil services, defence, entrepreneurship, space travel, agriculture or politics.
>
> This House lauds the decisions of the State Government to provide 50 percent reservation for women in the Urban Local Bodies and the Panchayati Raj Institutions and 33 percent reservation in State Government employment. This ensures

8/3/21
Principal Chief Reporter
Punjab Vidhan Sabha
Chandigrah

better representation of women in decision-making and contributes to the furtherance of their interests.

Today, on International Women's Day, this House recognizes the immense contribution of women in making this world a better place to live and resolves to work with dedication towards providing them an ambience of equity, justice and freedom to further empower them to be equal partners in the progress of Punjab and our country and our world as a whole."

ਮਤਾ ਪੇਸ਼ ਕਰਕੇ ਸਮੇਂ ਮੁੱਖ ਮੰਤਰੀ 03 ਮਿੰਟ ਲਈ ਬੋਲੇ।

ਨਿਮਨਲਿਖਤ ਮੈਂਬਰ ਸਾਹਿਬਾਨ ਨੇ ਮਤੇ ਤੇ ਬਹਿਸ ਵਿਚ ਹਿੱਸਾ ਲਿਆ ਅਤੇ ਉਹ ਉਨ੍ਹਾਂ ਦੇ ਨਾਮ ਸਾਹਮਣੇ ਦਿੱਤੇ ਗਏ ਸਮੇਂ ਲਈ ਬੋਲੇ:-

1. ਸ਼੍ਰੀਮਤੀ ਅਰੁਣਾ ਚੌਧਰੀ, ਮਹਿਲਾ ਤੇ ਬਾਲ ਵਿਕਾਸ ਮੰਤਰੀ — 09 ਮਿੰਟ
2. ਸ਼੍ਰੀਮਤੀ ਸਰਵਜੀਤ ਕੌਰ ਮਾਣੂਕੇ, ਆਮ ਆਦਮੀ ਪਾਰਟੀ — 05 ਮਿੰਟ
3. ਸਰਦਾਰ ਕੰਵਰ ਸੰਧੂ, ਆਮ ਆਦਮੀ ਪਾਰਟੀ — 01 ਮਿੰਟ
4. ਸ਼੍ਰੀ ਅਮਨ ਅਰੋੜਾ, ਆਮ ਆਦਮੀ ਪਾਰਟੀ — 02 ਮਿੰਟ

**4. ਸਾਲ 2021-22 ਲਈ ਬਜਟ ਅਨੁਮਾਨ ਪੇਸ਼ ਕਰਨਾ**

ਵਿੱਤ ਮੰਤਰੀ ਨੇ ਸਾਲ 2021-22 ਲਈ ਬਜਟ ਅਨੁਮਾਨ ਪੇਸ਼ ਕੀਤੇ ਅਤੇ ਅਜਿਹਾ ਕਰਦੇ ਹੋਏ ਉਹ 01 ਘੰਟਾ 46 ਮਿੰਟ ਲਈ ਬੋਲੇ।

**5. ਵਾਕ-ਆਊਟ**

(ੳ) ਸਰਦਾਰ ਪਿਰਮਲ ਸਿੰਘ ਧੌਲਾ, ਸਰਦਾਰ ਸੁਖਪਾਲ ਸਿੰਘ ਖਹਿਰਾ, ਸਰਦਾਰ ਨਾਜ਼ਰ ਸਿੰਘ ਮਾਨਸ਼ਾਹੀਆ, ਸਰਦਾਰ ਕੰਵਰ ਸੰਧੂ ਅਤੇ ਸਰਦਾਰ ਜਗਦੇਵ ਸਿੰਘ ਕਮਾਲੂ ਨੂੰ ਛੱਡ ਕੇ ਆਮ ਆਦਮੀ ਪਾਰਟੀ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਵਿੱਤ ਮੰਤਰੀ ਵਲੋਂ ਪੇਸ਼ ਕੀਤੇ ਜਾ ਰਹੇ ਬਜਟ ਦੇ ਵਿਰੋਧ ਵਿਚ ਸਰਕਾਰ ਵਿਰੋਧੀ ਨਾਅਰੇ ਮਾਰਦੇ ਹੋਏ ਸਦਨ ਵਿਚੋਂ ਵਾਕ ਆਊਟ ਕਰ ਗਏ।

(ਅ) ਸ਼੍ਰੋਮਣੀ ਅਕਾਲੀ ਦਲ ਦੇ ਸਦਨ ਵਿਚ ਹਾਜਰ ਦੋ ਮੈਂਬਰ ਸਰਦਾਰ ਦਿਲਰਾਜ ਸਿੰਘ ਭੂੰਦੜ ਅਤੇ ਸਰਦਾਰ ਲਖਬੀਰ ਸਿੰਘ ਲੋਧੀਨੰਗਲ ਵਿੱਤ ਮੰਤਰੀ ਵਲੋਂ ਪੇਸ਼ ਕੀਤੇ ਜਾ ਰਹੇ ਬਜਟ ਦੇ ਵਿਰੋਧ ਵਿਚ ਸਰਕਾਰ ਵਿਰੋਧੀ ਨਾਅਰੇ ਮਾਰਦੇ ਹੋਏ ਸਦਨ ਵਿਚੋਂ ਵਾਕ ਆਊਟ ਕਰ ਗਏ।

**6. ਮਾਨਯੋਗ ਸਪੀਕਰ ਦੁਆਰਾ ਸ਼੍ਰੋਮਣੀ ਅਕਾਲੀ ਦਲ ਦੇ ਮੁਅੱਤਲ ਕੀਤੇ ਗਏ ਮੈਂਬਰਾਂ ਦੀ ਮੁਅੱਤਲੀ ਖਤਮ ਕਰਨ ਸਬੰਧੀ ਐਲਾਨ**

ਮਾਨਯੋਗ ਸਪੀਕਰ ਦੁਆਰਾ ਸਦਨ ਦੀਆਂ ਭਾਵਨਾਵਾਂ ਨਾਲ ਸਹਿਮਤ ਹੁੰਦੇ ਹੋਏ ਸ਼੍ਰੋਮਣੀ ਅਕਾਲੀ ਦਲ ਦੇ ਮਿਤੀ 05.03.2021 ਨੂੰ ਸਦਨ ਦੀਆਂ ਸੇਵਾਵਾਂ ਤੋਂ ਮੁਅੱਤਲ ਕੀਤੇ ਗਏ ਮੈਂਬਰਾਂ ਦੀ ਮੁਅੱਤਲੀ ਖਤਮ ਕਰਨ ਸਬੰਧੀ ਐਲਾਨ ਕੀਤਾ ਗਿਆ।

ਇਸ ਉਪਰੰਤ ਸਦਨ ਮੰਗਲਵਾਰ ਮਿਤੀ 9 ਮਾਰਚ, 2021 ਦੇ 10.00 ਵਜੇ ਸਵੇਰ ਤੱਕ ਸਥਗਿਤ ਹੋ ਗਿਆ।

ਸ਼ਸ਼ੀ ਲਖਨਪਾਲ ਮਿਸ਼ਰਾ,
ਸਕੱਤਰ ।

ਚੰਡੀਗੜ੍ਹ:
8 ਮਾਰਚ, 2021